102
19/3/20

# ਦਫ਼ਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ,

ਕੰਪਲੈਕਸ ਪੰਜਾਬ ਸਕੂਲ ਸਿੱਖਿਆ ਬੋਰਡ, ਛੇਵੀਂ ਮੰਜ਼ਿਲ, ਈ ਬਲਾਕ, ਫੇਜ਼ :8, ਐਸ.ਏ.ਐਸ.ਨਗਰ

ਸੇਵਾ ਵਿਖੇ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ)
ਪੰਜਾਬ ਰਾਜ।

ਮੀਮੋ ਨੰ: 10/169-2018(ਸੈ)ਪ (2)/164
ਮਿਤੀ :ਐਸ.ਏ.ਐਸ. ਨਗਰ / 6 .3 . 2020

ਵਿਸ਼ਾ :- Anti Drug Abuse compaign Buddy Program ਸਬੰਧੀ Additional Guidelines.

ਹਵਾਲਾ : ਦਫ਼ਤਰ ਨੋਡਲ ਅਫ਼ਸਰ, ਐਂਟੀ ਡਰੱਗ ਕੰਪੇਨ, ਪੰਜਾਬ ਦੇ ਪੱਤਰ ਨੰਬਰ 4/25/2019/ਐਨ.ਓ.ਏ.ਡੀ.ਸੀ./1534 -1560 ਮਿਤੀ 19.6.2019 ਦੇ ਹਵਾਲੇ ਵਿੱਚ।

ਹਵਾਲਾ ਅਧੀਨ ਪੱਤਰ ਦੀ ਲਗਾਤਾਰਤਾ ਵਿੱਚ ਲਿਖਿਆ ਜਾਂਦਾ ਹੈ ਕਿ ਬੱਡੀ ਪ੍ਰੋਗਰਾਮ ਨੂੰ ਬੇਹਤਰ ਅਤੇ ਸੁਚੱਜੇ ਢੰਗ ਨਾਲ ਚਲਾਉਣ ਲਈ ਸਕੂਲਾਂ ਵਿੱਚ ਪਹਿਲਾਂ ਬਣੇ ਬੱਡੀ ਗਰੁੱਪਸ, ਨੂੰ ਅਕਾਦਮਿਕ ਅਤੇ ਕੋ-ਕਰੀਕੂਲਰ ਐਕਟੀਵਿਟੀਜ਼ ਨਾਲ ਜੋੜਨ ਅਤੇ ਹੋਰ ਗਤੀਵਿਧੀਆਂ ਕਰਵਾਉਣ ਲਈ ਉਤਸ਼ਾਹਿਤ ਕੀਤਾ ਜਾਵੇ ਤਾਂ ਜੋ ਵਿਦਿਆਰਥੀ ਸਹਿਜ ਅਵਸਥਾ ਵਿੱਚ ਗਰੁੱਪ ਗਤੀਵਿਧੀਆਂ ਕਰ ਸਕਣ ਅਤੇ ਕੁਆਲਿਟੀ ਪੱਖੋਂ ਵਧੀਆ ਨਤੀਜੇ ਪ੍ਰਾਪਤ ਕਰ ਸਕਣ। ਇਸ ਲਈ ਹੇਠ ਲਿਖੀਆਂ ਗਤੀ-ਵਿਧੀਆਂ ਬੱਡੀ ਪ੍ਰੋਗਰਾਮ ਵਿੱਚ ਸ਼ਾਮਲ ਕੀਤੀਆਂ ਜਾਣ :

**1. Word of the Day and Daily Quiz:**

- Math/English/Science/Punjabi ਅਤੇ ਹੋਰ ਵਿਸ਼ਿਆਂ ਦੇ ਲੈਣੇ ਜਾਣ ਵਾਲੇ Daily Quiz ਬਾਰੇ Buddy Group ਵਿੱਚ ਡਿਸਕਸ਼ਨ ਕੀਤੀ ਜਾਵੇ।
- Word of the Day ਅਤੇ ਇਸਦੀ ਵਰਤੋਂ ਬਾਰੇ ਵੀ ਬੱਡੀ ਗਰੁੱਪ ਵਿੱਚ ਹਰ ਰੋਜ਼ ਡਿਸਕਸ਼ਨ ਕੀਤੀ ਜਾਵੇ।
- Word of the Day and Daily Quiz ਤੇ ਅਧਾਰਿਤ ਹੋਣ ਵਾਲੇ ਫਾਈਨਲ ਕੁਇਜ਼ ਬਾਰੇ ਵੀ ਬੱਡੀ ਗਰੁੱਪ ਵਿੱਚ ਤਿਆਰੀ ਕੀਤੀ ਜਾਵੇ।

**2. Good Handwriting Campaign** : ਤਿੰਨ ਭਾਸ਼ਾਵਾਂ ਹਿੰਦੀ, ਪੰਜਾਬੀ ਅਤੇ ਅੰਗਰੇਜ਼ੀ ਲਈ ਸੁੰਦਰ ਲਿਖਾਈ ਕੰਪੇਨ ਲਈ ਬੱਡੀ ਗਰੁੱਪ ਦੇ ਵਿਦਿਆਰਥੀ ਇੱਕ ਦੂਸਰੇ ਨੂੰ ਉਤਸ਼ਾਹਿਤ ਕਰਕੇ ਸੁੰਦਰ ਲਿਖਾਈ ਕਰਨ ਵਿੱਚ ਇੱਕ ਦੂਜੇ ਦੀ ਮੱਦਦ ਕਰਨਗੇ।

- ਵਿਦਿਆਰਥੀ ਇੱਕ ਦੂਜੇ ਦੀ ਹਿੰਦੀ, ਪੰਜਾਬੀ ਅਤੇ ਅੰਗਰੇਜ਼ੀ ਭਾਸ਼ਾ ਦੇ ਅੱਖਰਾਂ ਦੀ ਬਨਾਵਟ ਨੂੰ ਸੁਧਾਰਣ ਬਾਰੇ ਵੀ ਮੱਦਦ ਕਰਨਗ।
- ਸਕੂਲ ਪੱਧਰ ਤੇ ਹੋਣ ਵਾਲੇ ਸੁੰਦਰ ਲਿਖਾਈ ਮੁਕਾਬਲਿਆਂ ਵਿੱਚ ਬੱਡੀ ਗਰੁੱਪ ਆਪਣੇ ਬੱਡੀਜ਼ ਦੀ ਤਿਆਰੀ ਕਰਵਾਵੇ।
- ਸੁੰਦਰ ਲਿਖਾਈ ਨੂੰ ਉਤਸ਼ਾਹਿਤ ਕਰਨ ਲਈ ਸਟਾਰ ਬੱਡੀ ਗਰੁੱਪ ਅੱਜ ਦਾ ਵਿਚਾਰ, ਮੁੱਖ ਖਬਰਾਂ ਆਦਿ ਬੋਰਡ ਉਪੱਰ ਲਿਖਣ ਦਾ ਕੰਮ ਕਰੇ।

**3. ਬਾਲ ਸਭਾ ਆਯੋਜਨ** : ਹਰ ਮਹੀਨੇ ਦੇ ਆਖਰੀ ਸ਼ਨੀਵਾਰ ਬੱਡੀ ਗਰੁੱਪ ਬਾਲ ਸਭਾ ਵਿੱਚ ਭਾਗ ਲੈਣ ਦੀ ਤਿਆਰੀ ਅਤੇ ਇਸਦੇ ਆਯੋਜਨ ਦੀ ਤਿਆਰੀ ਕਰਨ ਵਿੱਚ ਮੱਦਦ ਕਰਨਗੇ।

- ਇਸ ਵਿੱਚ ਬੱਡੀ ਗਰੁੱਪ ਆਪਣੀਆਂ ਪੇਸ਼ਕਾਰੀਆਂ ਪੇਸ਼ ਕਰੇ (ਰੋਲਪਲੇਅ, ਬਾਲ ਕਵੀ ਸੰਮੇਲਨ/ਨਾਟਕ, ਇਕਾਂਗੀ ਆਦਿ)
- ਬਾਲ ਸਭਾ ਦੇ ਆਯੋਜਨ ਦੌਰਾਨ ਬੱਡੀ ਗਰੁੱਪ ਦੀ ਡਿਊਟੀ ਇਸ ਨੂੰ ਆਯੋਜਨ ਕਰਨ ਲਈ ਵੱਖ ਵੱਖ ਕੰਮ ਵਿੱਚ ਲਗਾਈ ਜਾਵੇ।

**4. Homework ਕਰਵਾਉਣ ਵਿੱਚ ਮੱਦਦ ਕਰਨਾ :**

- ਬੱਡੀ ਗਰੁੱਪ ਕਮਜ਼ੋਰ ਵਿਦਿਆਰਥੀਆਂ ਦੀ homework,curriculum ਸਬੰਧੀ ਛੋਟੇ ਛੋਟੇ ਪ੍ਰੋਜੈਕਟ/ਅਸਾਈਨਮੈਂਟਸ ਪੂਰੀਆਂ ਕਰਵਾਉਣ ਵਿੱਚ ਇੱਕ ਦੂਜੇ ਦੀ ਮੱਦਦ ਕਰੇ।
- Bi monthly ਪੇਪਰਾਂ ਦੌਰਾਨ ਬੱਡੀ ਗਰੁੱਪ ਦੀ ਮੱਦਦ ਨਾਲ ਦੁਹਰਾਈ, ਇੱਕ ਦੂਜੇ ਨੂੰ ਸਵਾਲ ਸਮਝਾਉਣ, ਪ੍ਰਸ਼ਨ ਉੱਤਰ ਸੁਣਨ/ਲਿਖਣ ਆਦਿ ਕੰਮ ਕਰੇ।

ਡਾਇਰੈਕਟਰ ਸਿੱਖਿਆ ਵਿਭਾਗ (ਸੈਕੰ.ਸਿੱ.)
ਪੰਜਾਬ
19/3/20

202067690
19/3/2020

ਨੋਟ:-
98884 46346

2632 ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.), ਅੰਮ੍ਰਿਤਸਰ ... ਮਿਤੀ 20.03.20

ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ.)
ਅੰਮ੍ਰਿਤਸਰ